ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ


ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


## ਪ੍ਰੋਫੈਸਰ ਕੁਲਬੀਰ ਸਿੰਘ ਦੀ ਕਿਤਾਬ "ਮੀਡੀਆ ਆਲੋਚਕ ਦੀ ਆਤਮਕਥਾ" ਲੋਕ ਅਰਪਣ



ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਵਿਸ਼ਵ ਪੰਜਾਬੀ ਸਭਾ ਕੈਨੇਡਾ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ "ਇੱਕ ਸੁਰਮਈ ਸ਼ਾਮ" ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਦੇ ਚੇਅਰਮੈਨ ਪ੍ਰੋਫੈਸਰ ਕੁਲਬੀਰ ਸਿੰਘ ਦੀ ਕਿਤਾਬ "ਮੀਡੀਆ ਆਲੋਚਕ ਦੀ ਆਤਮ ਕਥਾ" ਨੂੰ ਲੋਕ ਅਰਪਣ ਕੀਤਾ ਗਿਆ।

ਇਸ ਦੌਰਾਨ ਸੂਫ਼ੀਆਨਾ ਗਾਇਕ ਹੁਸਨੈਨ ਅਕਬਰ ਵੱਲੋਂ "ਵਾਰਿਸ ਸ਼ਾਹ ਹੀਰ" ਸੁਣਾਈ ਗਈ ਜਿਸ ਦਾ ਸਾਰਿਆਂ ਨੇ ਭਰਪੂਰ ਆਨੰਦ ਮਾਣਿਆ। ਪੰਜਾਬੀ ਫੋਕ ਸਿੰਗਰ ਸੁੱਖੀ ਬਰਾੜ ਵੱਲੋਂ ਸੁਣਾਏ ਗਏ ਗੀਤਾਂ ਦਾ ਵੀ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਪ੍ਰੋਫੈਸਰ ਕੁਲਬੀਰ ਸਿੰਘ ਜਿਨਾਂ ਨੇ ਹੁਣ ਤੱਕ ਮੀਡੀਆ ਦੇ ਖੇਤਰ ਵਿੱਚ ਤੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਅਹਿਮ ਯੋਗਦਾਨ ਪਾਇਆ । 1990 ਤੋਂ 2020 ਤੱਕ ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਜਿੰਨੇ ਵੀ ਡਾਇਰੈਕਟਰ ਤੈਨਾਤ ਰਹੇ, ਉਹਨਾਂ ਨਾਲ ਪ੍ਰੋਫੈਸਰ ਕੁਲਬੀਰ ਸਿੰਘ ਦਾ ਵਾਅ ਵਾਸਤਾ ਰਿਹਾ। ਬਹੁਤਿਆਂ ਨੇ ਇਹਨਾਂ ਦੀ ਆਲੋਚਨਾ ਨੂੰ ਸਵੀਕਾਰ ਕਰਕੇ ਚੰਗੇ ਸੰਬੰਧ ਬਣਾਏ, ਕੁੱਝ ਨੇ ਪ੍ਰਸ਼ੰਸਾ ਵੇਲੇ ਵੱਡੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਪਰ ਆਲੋਚਨਾ ਬਰਦਾਸ਼ਤ ਉਹ ਵਿਅਕਤੀ ਨਹੀਂ ਕਰ ਸਕੇ, ਕੁੱਝ ਨੇ ਸਹਿਜ ਰਹਿੰਦੀਆਂ ਸਾਂਝ ਬਣਾਈ ਰੱਖੀ। ਆਮ ਧਾਰਨਾ ਹੈ ਕਿ ਜਦੋਂ ਤੱਕ ਤੁਹਾਨੂੰ ਕਿਸੇ ਖਿੱਤੇ ਦੀ ਬੋਲੀ ਤੇ ਸੱਭਿਆਚਾਰ ਦੀ ਮੁੱਢਲੀ ਜਾਣਕਾਰੀ ਨਹੀਂ, ਜਦ ਤੱਕ ਤੁਸੀਂ ਉਸ ਖਿੱਤੇ ਦੇ ਜਨਜੀਵਨ ਉਥੋਂ ਦੇ ਸਾਹਿਤ ਸੰਗੀਤ ਕਲਾ ਨੂੰ ਨਹੀਂ ਸਮਝ ਸਕਦੇ ਤਾਂ ਇਸ ਸਥਿਤੀ ਵਿੱਚ ਤੁਸੀਂ ਉਥੋਂ ਦੇ ਟੈਲੀਵਿਜ਼ਨ ਪ੍ਰੋਗਰਾਮ ਨਾਲ ਵੀ ਇਨਸਾਫ ਨਹੀਂ ਕਰ ਸਕਦੇ। ਇਸੇ ਸੰਬੰਧੀ ਪ੍ਰੋਫੈਸਰ ਕੁਲਬੀਰ ਸਿੰਘ ਨੇ ਜਲੰਧਰ ਦੂਰਦਰਸ਼ਨ ਦੇ ਡਾਇਰੈਕਟਰਾਂ ਬਾਰੇ ਵੀ ਕਾਫੀ ਕੁਝ ਲਿਖਿਆ। ਪ੍ਰੋਫੈਸਰ ਕੁਲਬੀਰ ਸਿੰਘ ਕਹਿੰਦੇ ਹਨ ਕਿ "ਹਰ ਕੋਈ ਪ੍ਰਸ਼ੰਸਾ ਚਾਹੁੰਦਾ ਹੈ, ਆਲੋਚਨਾ ਕਿਸੇ ਨੂੰ ਪਸੰਦ ਨਹੀਂ ਤੇ ਹੈਰਾਨੀ ਹੋ ਰਹੀ ਹੈ ਕਿ ਪਿਛਲੇ 33 ਸਾਲਾਂ ਤੋਂ ਆਲੋਚਨਾ ਕਰਦਾ ਆ ਰਿਹਾ ਹਾਂ।



ਹੁਣ ਵਿਸ਼ਵ ਪੰਜਾਬੀ ਭਵਨ ਵਿਖੇ ਡਾਕਟਰ ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਵਿੱਚ ਪ੍ਰੋਫੈਸਰ ਕੁਲਬੀਰ ਸਿੰਘ ਦੀ ਮੀਡੀਆ ਆਲੋਚਕ ਦੀ ਆਤਮਕਤਾ ਪੁਸਤਕ ਰਿਲੀਜ਼ ਕੀਤੀ ਗਈ । ਇਸ ਤੋਂ ਪਹਿਲਾਂ ਵੀ ਇੱਕ ਸੁਰਮਈ ਸ਼ਾਮ ਦਾ ਪ੍ਰਬੰਧ ਕੀਤਾ ਗਿਆ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਵਿਹੜੇ ਹੁਸਨੈਨ ਅਕਬਰ ਬਾਬਾ ਗਰੁੱਪ ਪਾਕਿਸਤਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਡਾਕਟਰ ਦਲਵੀਰ ਸਿੰਘ ਕਥੂਰੀਆ ਚੇਅਰਮੈਨ ਵਿਸ਼ਵ ਪੰਜਾਬੀ ਸਭਾ, ਸ. ਇੰਦਰਜੀਤ ਸਿੰਘ ਬੱਲ ਸਰਪ੍ਰਸਤ, ਸ.ਬਲਵਿੰਦਰ ਸਿੰਘ ਧਾਲੀਵਾਲ ਸਰਪ੍ਰਸਤ, ਸ਼੍ਰੀਮਤੀ ਸੁੰਦਰਪਾਲ ਰਾਜਾਸਾਂਸੀ ਸਰਪ੍ਰਸਤ ਇਸਤ੍ਰੀ ਵਿੰਗ, ਪ੍ਰੋਫੈਸਰ ਜਗਵੀਰ ਸਿੰਘ ਕਾਹਲੋਂ , ਸ਼੍ਰੀਮਤੀ ਰੂਪ ਕਾਹਲੋਂ, ਸ਼੍ਰੀਮਤੀ ਅਜੀਤ ਕੌਰ ਸਰਪ੍ਰਸਤ ਇਸਤ੍ਰੀ ਵਿੰਗ ਆਦਿ ਪ੍ਰੋਗਰਾਮ ਵਿੱਚ ਸ਼ਾਮਲ ਹੋਏ।

ਪ੍ਰੋ. ਕੁਲਬੀਰ ਸਿੰਘ ਦਾ ਦੂਰਦਰਸ਼ਨ ਤੋਂ ਇਲਾਵਾ ਵੀ ਤਕਰੀਬਨ 20 ਤੋਂ ਵੱਧ ਕਿਤਾਬਾਂ ਲਿਖਣ ਦਾ ਤਜ਼ਰਬਾ ਹੈ, ਜਿਨਾਂ ਨੇ ਅਜੋਕੇ ਮੀਡੀਆ ਬਾਰੇ, ਟੀਵੀ ਸਮੀਖਿਆ ਤੇ ਹਰ ਤਰ੍ਹਾਂ ਦੇ ਇਲੈਕਟਰੋਨਿਕ ਮੀਡੀਆ ਬਾਰੇ ਕਾਫੀ ਗੱਲਾਂ ਲਿਖ ਕੇ ਪ੍ਰਵਾਸੀਆਂ ਦੀ ਝੋਲੀ ਪਾਈਆਂ ਹਨ।

ਇਸ ਤੋਂ ਪਹਿਲਾਂ ਲੰਡਨ ਦੂਰ ਨਹੀਂ ਸਫ਼ਰਨਾਮਾ, ਟਰਨਿੰਗ ਪੁਆਇੰਟ ਕਵਿਤਾ ਵੀ ਪ੍ਰੋ.ਕੁਲਬੀਰ ਸਿੰਘ ਸਾਹਿਤ ਦੀ ਝੋਲੀ ਪਾ ਚੁੱਕੇ ਹਨ। 37 ਸਾਲ ਵਿੱਦਿਆ ਦੇ ਖੇਤਰ ਵਿੱਚ, ਪੱਤਰਕਾਰਤਾ ਦੇ ਖੇਤਰ ਵਿੱਚ ਤੇ ਵਿਸ਼ਵ ਮੀਡੀਆ ਕਾਨਫਰੰਸ ਕਰਵਾਉਣ ਦਾ ਯੋਗਦਾਨ ਵੀ ਪ੍ਰੋਫੈਸਰ ਕੁਲਬੀਰ ਸਿੰਘ ਨੂੰ ਜਾਂਦਾ ਹੈ। ਪ੍ਰੋਫੈਸਰ ਕੁਲਬੀਰ ਸਿੰਘ ਦੀ ਧਰਮ ਪਤਨੀ ਪ੍ਰੋਫੈਸਰ ਕਮਲਜੀਤ ਮਹਿਰੋਕ ਦਾ ਵੀ ਵਿਸ਼ਵ ਪੰਜਾਬੀ ਸਭਾ ਦੇ ਵਿਹੜੇ ਡਾਕਟਰ ਦਲਵੀਰ ਸਿੰਘ ਕਥੂਰੀਆ ਅਤੇ ਸਮੁੱਚੀ ਟੀਮ ਨੇ ਉਹਨਾਂ ਦਾ ਸਨਮਾਨ ਕੀਤਾ। ਇਸ ਮੌਕੇ ਵੱਖ-ਵੱਖ ਸ਼ਖਸੀਅਤਾਂ ਵੀ ਹਾਜ਼ਰ ਰਹੀਆਂ ।

ਪ੍ਰਿੰਸੀਪਲ ਸਰਵਨ ਸਿੰਘ ਨੇ ਲਿਖਿਆ ਤੇ ਇਸ ਮੌਕੇ ਖੁਦ ਸ਼ਾਮਿਲ ਹੋ ਕੇ ਉਹਨਾਂ ਕਿਹਾ ਕਿ ਪ੍ਰੋਫੈਸਰ ਕੁਲਬੀਰ ਸਿੰਘ ਦਾ ਕਾਲਮ ਟੈਲੀਵਿਜ਼ਨ ਸਮੀਖਿਆ ਪਿਛਲੇ 30 ਸਾਲਾਂ ਤੋਂ ਛੱਪ ਰਿਹਾ ਤੇ ਇਸ ਤੋਂ ਪਹਿਲਾਂ ਪ੍ਰਵਾਸੀ ਪੰਜਾਬੀ ਮੀਡੀਆ ਕਾਲਮ ਛੱਪਦਾ ਰਿਹਾ। ਉਹਨਾਂ ਆਖਿਆ ਕਿ ਉਸਦੀਆਂ ਮੀਡੀਆ ਬਾਰੇ ਪੰਜ ਪੁਸਤਕਾਂ "ਦੂਰਦਰਸ਼ਨ ਜਲੰਧਰ ਇਤਿਹਾਸ ਤੇ ਵਿਕਾਸ", "ਹੁਣ ਪ੍ਰਸਾਰਣ ਜਲੰਧਰ ਤੋਂ", "ਪ੍ਰਵਾਸੀ ਪੰਜਾਬੀ ਮੀਡੀਆ ਭਾਗ ਪਹਿਲਾ", "ਪ੍ਰਵਾਸੀ ਪੰਜਾਬੀ ਮੀਡੀਆ ਭਾਗ ਦੂਜਾ", "ਪਹਿਲੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਤੇ ਸਫਰਨਾਮਾ", "ਆਸਟਰੇਲੀਆ ਵਿੱਚ 20 ਦਿਨ" ਆਦਿ ਪ੍ਰਕਾਸ਼ਿਤ ਹੋਈਆਂ। ਪ੍ਰੋਫੈਸਰ ਕੁਲਬੀਰ ਸਿੰਘ ਨੂੰ ਪੰਜਾਬ ਰਤਨ ਅਵਾਰਡ, ਸ਼੍ਰੋਮਣੀ ਪੱਤਰਕਾਰ ਅਵਾਰਡ, ਪੰਜਾਬੀ ਮੀਡੀਆ ਦਾ ਮਾਣ, ਐਕਸੀਲੈਂਸ ਅਵਾਰਡ ਫਾਰ ਪਰਮੋਟਿੰਗ ਪੰਜਾਬੀ ਮੀਡੀਆ ਆਦਿ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ।

ਇਸ ਮੌਕੇ ਤੇ ਸਤਿੰਦਰਪਾਲ ਸੰਧਵਾ, ਕਮਲਜੀਤ ਕੌਰ, ਪ੍ਰਿੰਸੀਪਲ ਸਰਵਨ ਸਿੰਘ, ਸਰਦਾਰ ਬਲਵਿੰਦਰ ਸਿੰਘ ਧਾਲੀਵਾਲ, ਸਰਦਾਰ ਇੰਦਰਜੀਤ ਸਿੰਘ ਬੱਲ, ਸਰਦਾਰ ਸ਼ਾਮ ਸਿੰਘ ਅੰਗ ਸੰਗ, ਡਾਕਟਰ ਰਮਿੰਦਰ ਰੰਮੀ, ਸਰਦਾਰ ਜਾਗੀਰ ਸਿੰਘ ਕਾਹਲੋਂ, ਪਰਮਜੀਤ ਕੌਰ ਦਿਓਲ, ਸੋਹਿਬ ਨਾਸਰ, ਸਰਦਾਰ ਹਰਜੀਤ ਸਿੰਘ ਬਾਜਵਾ, ਸਰਦਾਰ ਮਲੂਕ ਸਿੰਘ ਕਾਹਲੋਂ, ਦਰਸ਼ਨਦੀਪ ਅਰੋੜਾ ਸਮੇਤ ਵੱਖ-ਵੱਖ ਸ਼ਖਸ਼ੀਅਤਾਂ ਵੀ ਹਾਜ਼ਰ ਸਨ।

ਬਾਕੀ ਪੇਜ ਨੰ. 2 ਤੇ......




















# ਵਿਸ਼ਵ ਪੰਜਾਬੀ ਭਵਨ ਦੇ ਵਿਹੜੇ "ਮੀਡੀਆ ਆਲੋਚਕ ਦੀ ਆਤਮਕਥਾ" ਪੁਸਤਕ ਲੋਕ ਅਰਪਣ ਸਮਾਗਮ ਦੀਆਂ ਤਸਵੀਰਾਂ

































# Punjab Police ਦੀ ਵੱਡੀ ਕਾਰਵਾਈ ! ਸੂਬੇ ਦੀਆਂ 18 ਹੋਰ ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਵਿਰੁੱਧ ਕੇਸ ਦਰਜ



ਚੰਡੀਗੜ੍ਹ : (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਪੰਜਾਬ ਪੁਲਿਸ ਦੇ ਐਨਆਰਆਈ ਮਾਮਲੇ ਵਿੰਗ ਅਤੇ ਸਾਈਬਰ ਕ੍ਰਾਈਮ ਵਿੰਗ ਵੱਲੋਂ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ, ਚੰਡੀਗੜ੍ਹ ਨਾਲ ਤਾਲਮੇਲ ਕਰ ਕੇ ਸੂਬੇ ਵਿੱਚ 18 ਹੋਰ ਟਰੈਵਲ ਏਜੰਸੀਆਂ ਵਿਰੁੱਧ ਗੈਰ-ਕਾਨੂੰਨੀ ਢੰਗ ਨਾਲ ਸੋਸ਼ਲ ਮੀਡੀਆ 'ਤੇ ਰੋਜ਼ਗਾਰ ਸਬੰਧੀ ਇਸ਼ਤਿਹਾਰ ਦੇਣ ਬਾਰੇ ਮਾਮਲਾ ਦਰਜ ਕੀਤਾ ਗਿਆ ਹੈ।ਇਹ ਕਾਰਵਾਈ ਅਗਸਤ, 2024 ਦੇ ਮਹੀਨੇ ਵਿੱਚ ਅਜਿਹੀਆਂ 25 ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਦੇ ਖਿਲਾਫ ਘੱਟੋ-ਘੱਟ 20 ਐੱਫ.ਆਈ.ਆਰਜ਼. ਦਰਜ ਕਰਨ ਉਪਰੰਤ ਅਮਲ ਵਿੱਚ ਲਿਆਂਦੀ ਗਈ। ਹੁਣ ਤੱਕ ਦਰਜ ਕੀਤੇ ਮਾਮਲਿਆਂ ਵਿੱਚ ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਦੀ ਗਿਣਤੀ 43 ਤੱਕ ਪਹੁੰਚ ਗਈ ਹੈ।ਜ਼ਿਕਰਯੋਗ ਹੈ ਕਿ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ ਨੇ ਅਜਿਹੀਆਂ ਟਰੈਵਲ ਏਜੰਸੀਆਂ ਵੱਲੋਂ ਵਿਦੇਸ਼ਾਂ ਵਿੱਚ ਨੌਕਰੀਆਂ ਲਈ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਦਿੱਤੇ ਜਾਂਦੇ ਇਸ਼ਤਿਹਾਰਾਂ ਸਬੰਧੀ ਗੰਭੀਰ ਨੋਟਿਸ ਲਿਆ ਹੈ। ਏਡੀਜੀਪੀ ਐਨਆਰਆਈ ਮਾਮਲੇ ਪ੍ਰਵੀਨ ਕੇ ਸਿਨਹਾ ਨੇ ਐਤਵਾਰ ਨੂੰ ਦੱਸਿਆ ਕਿ ਇਹ ਟਰੈਵਲ ਏਜੰਸੀਆਂ ਬਿਨਾਂ ਲੋੜੀਂਦੇ ਲਾਇਸੈਂਸ ਅਤੇ ਇਜਾਜ਼ਤਾਂ ਦੇ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਵਿਦੇਸ਼ਾਂ ਵਿੱਚ ਨੌਕਰੀਆਂ ਬਾਰੇ ਇਸ਼ਤਿਹਾਰ ਦੇ ਰਹੀਆਂ ਸਨ।

ਉਹਨਾਂ ਅੱਗੇ ਦੱਸਿਆ ਕਿ ਆਨਲਾਈਨ ਪਲੇਟਫਾਰਮਾਂ ਦੀ ਜਾਂਚ ਕੀਤੀ ਗਈ, ਉਨ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਗੁਪਤ ਤੌਰ 'ਤੇ ਤਸਦੀਕ ਕੀਤੀ ਗਈ ਅਤੇ ਉਨ੍ਹਾਂ ਵਿਰੁੱਧ ਐਫ.ਆਈ.ਆਰਜ਼ ਦਰਜ ਕੀਤੀਆਂ ਗਈਆਂ। ਸੂਬੇ ਦੇ ਵੱਖ-ਵੱਖ ਐਨ.ਆਰ.ਆਈ ਥਾਣਿਆਂ ਵਿੱਚ ਇਮੀਗ੍ਰੇਸ਼ਨ ਐਕਟ ਦੀਆਂ ਧਾਰਾਵਾਂ 24/25 ਤਹਿਤ ਕੁੱਲ 18 ਨਵੀਆਂ ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਜਿਸ ਵਿੱਚ ਅੰਮ੍ਰਿਤਸਰ, ਐਸ.ਏ.ਐਸ. ਨਗਰ, ਲੁਧਿਆਣਾ ਅਤੇ ਪਟਿਆਲਾ ਜ਼ਿਲ੍ਹੇ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਦਰਜ ਕੀਤੀਆਂ 18 ਨਵੀਆਂ ਐਫ.ਆਈ.ਆਰਜ਼ ਵਿੱਚੋਂ ਸਤੰਬਰ ਮਹੀਨੇ ਵਿੱਚ 6 ਅਤੇ ਅਕਤੂਬਰ ਵਿੱਚ 12 ਐਫਆਈਆਰਜ਼ ਦਰਜ ਕੀਤੀਆਂ ਗਈਆਂ ਸਨ। ਏਡੀਜੀਪੀ ਨੇ ਕਿਹਾ ਕਿ ਅਗਸਤ ਅਤੇ ਸਤੰਬਰ 2024 ਦੇ ਮਹੀਨਿਆਂ ਵਿੱਚ ਦਰਜ ਕੀਤੀਆਂ ਇਨ੍ਹਾਂ 26 ਐਫ.ਆਈ.ਆਰਜ਼ ਵਿੱਚ ਕੁੱਲ 34 ਮੁਲਜ਼ਮਾਂ ਵਿੱਚੋਂ 25 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ ਅਤੇ ਬਾਕੀ ਮੁਲਜ਼ਮ ਟਰੈਵਲ ਏਜੰਟਾਂ ਨੂੰ ਨੋਟਿਸ ਭੇਜੇ ਜਾ ਰਹੇ ਹਨ।

ਏਡੀਜੀਪੀ ਪ੍ਰਵੀਨ ਸਿਨਹਾ ਨੇ ਨਾਗਰਿਕਾਂ ਨੂੰ ਸਾਵਧਾਨ ਰਹਿਣ ਅਤੇ ਟ੍ਰੈਵਲ ਏਜੰਟਾਂ ਨੂੰ ਦਸਤਾਵੇਜ਼ ਅਤੇ ਪੈਸੇ ਸੌਂਪਣ ਤੋਂ ਪਹਿਲਾਂ ਉਨ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਪੁਸ਼ਟੀ ਕਰਨ ਲਈ ਕਿਹਾ। ਉਹਨਾਂ ਨੇ ਸਲਾਹ ਦਿੱਤੀ ਕਿ ਸਿਰਫ਼ ਉਹਨਾਂ ਏਜੰਸੀਆਂ ਨਾਲ ਸੰਪਰਕ ਕੀਤਾ ਜਾਵੇ ਜਿਹਨਾਂ ਕੋਲ ਇਮੀਗ੍ਰੇਸ਼ਨ ਐਕਟ, 1983 ਤਹਿਤ ਇੱਕ ਵੈਧ ਭਰਤੀ ਏਜੰਟ (ਆਰ.ਏ.) ਲਾਇਸੈਂਸ ਹੋਵੇ ਅਤੇ ਉਕਤ ਐਕਟ ਤਹਿਤ ਜਾਰੀ ਏਜੰਸੀ ਦੇ ਲਾਇਸੈਂਸ ਨਾਲ ਸੰਪਰਕ ਕੀਤਾ ਜਾਵੇ। ਉਹਨਾਂ ਅੱਗੇ ਕਿਹਾ ਕਿ ਟਰੈਵਲ ਏਜੰਟਾਂ ਨਾਲ ਸੰਪਰਕ ਕਰਦੇ ਸਮੇਂ ਉਹਨਾਂ ਦੀ ਜਾਂਚ ਕਰਨ ਉਪਰੰਤ ਹੀ ਉਹਨਾਂ 'ਤੇ ਭਰੋਸਾ ਕੀਤਾ ਜਾਵੇ।





# ਜਦੋਂ ਹੱਥ ਮਿਲਾਇਆ ਤਾਂ 'ਆਲੌਕਿਕ ਊਰਜਾ' ਹੋਈ ਮਹਿਸੂਸ, UK ਦੇ ਸਾਬਕਾ PM ਜਾਨਸਨ ਨੇ ਕੀਤੀ ਮੋਦੀ ਦੀ ਤਾਰੀਫ




ਲੰਡਨ (ਵਿਸ਼ਵ ਪੰਜਾਬੀ ਸਾਂਝ ਕੈਨੇਡਾ), ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਇਕ ਨਵੇਂ ਸੰਸਕਰਨ 'ਅਨਲੀਸ਼ਡ' ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕੀਤੀ ਹੈ। ਇਸ ਸੰਸਕਰਨ ਵਿੱਚ, ਉਤਰਾਅ-ਚੜ੍ਹਾਅ ਨਾਲ ਭਰੇ ਆਪਣੇ ਸਿਆਸੀ ਜੀਵਨ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਯਾਦ ਕੀਤਾ ਕਿ ਕਿਵੇਂ ਭਾਰਤੀ ਨੇਤਾ ਨਾਲ ਪਹਿਲੀ ਮੁਲਾਕਾਤ ਵਿੱਚ ਉਨ੍ਹਾਂ ਨੂੰ ÷ਅਲੌਕਿਕ ਊਰਜਾ÷ ਮਹਿਸੂਸ ਹੋਈ ਸੀ। ਜੌਹਨਸਨ ਨੇ ਆਪਣੀ ਕਿਤਾਬ 'ਅਨਲੀਸ਼ਡ' ਵਿਚ ਇਹ ਇਹ ਗੱਲਾਂ ਲਿਖੀਆਂ ਹਨ, ਜੋ ਕਿ ਬ੍ਰਿਟੇਨ ਵਿੱਚ ਇਸ ਹਫ਼ਤੇ ਬੁੱਕ ਸਟੋਰਾਂ 'ਤੇ ਵਿਕਰੀ ਲਈ ਉਪਲੱਬਧ ਹੈ। 'ਅਨਲੀਸ਼ਡ' ਵਿਚ ਇੱਕ ਪੂਰਾ ਅਧਿਆਇ ਭਾਰਤ ਨਾਲ ਬ੍ਰਿਟੇਨ ਦੇ ਸਬੰਧਾਂ 'ਤੇ ਕੇਂਦਰਿਤ ਹੈ, 'ਇਹ ਸਬੰਧ ਹੁਣ ਤੱਕ ਦੇ ਸਭ ਤੋਂ ਵਧੀਆ ਸਬੰਧਾਂ ਵਿੱਚੋਂ ਇੱਕ÷ ਹਨ।

ਭਾਰਤ-ਪ੍ਰਸ਼ਾਂਤ ਦੇ ਸੰਦਰਭ ਵਿੱਚ ਮਜ਼ਬੂਤ ਭਾਰਤ-ਯੂਕੇ ਦੋਸਤੀ 'ਤੇ ਵਾਰ-ਵਾਰ ਜ਼ੋਰ ਦਿੰਦੇ ਹੋਏ, ਸਾਬਕਾ ਪ੍ਰਧਾਨ ਮੰਤਰੀ ਨੇ ਭਾਰਤ ਨਾਲ ÷ਉਚਿਤ ਮੁਕਤ ਵਪਾਰ ਸਮਝੌਤੇ÷ ਦੀ ਦਿਸ਼ਾ ਤੈਅ ਕਰਨ ਦਾ ਸਿਹਰਾ ਖ਼ੁਦ ਨੂੰ ਦਿੱਤਾ ਹੈ, ਕਿਉਂਕਿ ਉਨ੍ਹਾਂ ਨੂੰ ਮੋਦੀ ਦੇ ਰੂਪ ਵਿਚ ਬਿਲਕੁਲ ਸਹੀ ਸਾਥੀ ਅਤੇ ਦੋਸਤ ਮਿਲ ਗਿਆ ਹੈ। ਜੌਹਨਸਨ ਨੇ 'ਬ੍ਰਿਟੇਨ ਐਂਡ ਇੰਡੀਆ' ਸਿਰਲੇਖ ਵਾਲੇ ਅਧਿਆਏ ਵਿੱਚ ਮੋਦੀ ਨਾਲ ਆਪਣੀ ਪਹਿਲੀ ਮੁਲਾਕਾਤ ਦਾ ਜ਼ਿਕਰ ਕੀਤਾ ਹੈ, ਜਦੋਂ ਉਹ ਲੰਡਨ ਦੇ ਮੇਅਰ ਸਨ, ਉਦੋਂ ਉਨ੍ਹਾਂ ਨੇ (ਮੋਦੀ ਨੇ) ਥੇਮਜ਼ ਨਦੀ ਦੇ ਕੰਢੇ ਸਿਟੀ ਹਾਲ ਸਥਿਤ ਦਫ਼ਤਰ ਦਾ ਦੌਰਾ ਕੀਤਾ ਸੀ। ਉਨ੍ਹਾਂ ਨੇ ਕਿਹਾ, "ਕਿਸੇ ਕਾਰਨ ਕਰਕੇ, ਅਸੀਂ ਟਾਵਰ ਬ੍ਰਿਜ ਦੇ ਨੇੜੇ ਪਲਾਜ਼ਾ ਵਿੱਚ ਹਨੇਰੇ ਵਿੱਚ ਉਨ੍ਹਾਂ ਦੇ ਸਮਰਥਕਾਂ ਦੀ ਭੀੜ ਦੇ ਸਾਹਮਣੇ ਖੜੇ ਹੋ ਗਏ। ਉਨ੍ਹਾਂ ਨੇ ਮੇਰਾ ਹੱਥ ਚੁੱਕਿਆ ਅਤੇ ਹਿੰਦੀ ਵਿੱਚ ਕੁਝ ਕਿਹਾ, ਅਤੇ ਹਾਲਾਂਕਿ ਮੈਂ ਇਸਨੂੰ ਸਮਝ ਨਹੀਂ ਸਕਿਆ, ਮੈਂ ਉਨ੍ਹਾਂ ਦੀ ਅਨੋਖੀ ਅਲੌਕਿਕ ਊਰਜਾ ਮਹਿਸੂਸ ਕੀਤੀ। ਉਦੋਂ ਤੋਂ ਮੈਂ ਉਨ੍ਹਾਂ ਦੀ ਕੰਪਨੀ ਦਾ ਆਨੰਦ ਮਾਣ ਰਿਹਾ ਹਾਂ - ਕਿਉਂਕਿ ਮੈਨੂੰ ਲੱਗਦਾ ਹੈ ਕਿ ਉਹ ਸਾਡੇ ਰਿਸ਼ਤੇ ਲਈ ਇੱਕ ਗੇਮ-ਚੇਂਜਰ ਹਨ। ਮੋਦੀ ਨਾਲ, ਮੈਨੂੰ ਭਰੋਸਾ ਸੀ ਕਿ ਅਸੀਂ ਨਾ ਸਿਰਫ਼ ਇੱਕ ਸ਼ਾਨਦਾਰ ਮੁਕਤ ਵਪਾਰ ਸਮਝੌਤਾ ਕਰ ਸਕਦੇ ਹਾਂ, ਸਗੋਂ ਦੋਸਤਾਂ ਅਤੇ ਬਰਾਬਰੀ ਦੇ ਤੌਰ 'ਤੇ ਇੱਕ ਲੰਬੀ ਮਿਆਦ ਦੀ ਭਾਈਵਾਲੀ ਵੀ ਬਣਾ ਸਕਦੇ ਹਾਂ।÷









# ਮਸਕ ਦੀ ਸਟਾਰ ਸ਼ਿਪ ਦਾ 5ਵਾਂ ਟੈਸਟ ਸਫਲ: ਬੂਸਟਰ ਧਰਤੀ ਤੋਂ 96 ਕਿਲੋਮੀਟਰ ਉੱਪਰ ਜਾ ਕੇ ਟਾਵਰ 'ਤੇ ਆਇਆ ਵਾਪਸ



ਨੈਸ਼ਨਲ ਡੈਸਕ (ਵਿਸ਼ਵ ਪੰਜਾਬੀ ਸਾਂਝ ,ਕੈਨੇਡਾ)-ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਰਾਕੇਟ ਸਟਾਰਸ਼ਿਪ ਦਾ ਪੰਜਵਾਂ ਪ੍ਰੀਖਣ ਸਫਲ ਰਿਹਾ। ਇਸ ਪ੍ਰੀਖਣ 'ਚ ਪੁਲਾੜ 'ਚ ਗਏ ਸੁਪਰ ਹੈਵੀ ਬੂਸਟਰ ਨੂੰ ਲਾਂਚ ਸਾਈਟ 'ਤੇ ਵਾਪਸ ਲਿਆਂਦਾ ਗਿਆ ਅਤੇ ਟਾਵਰ 'ਤੇ ਕੈਚ ਕੀਤਾ ਗਿਆ। ਸਟਾਰਸ਼ਿਪ ਨੂੰ ਧਰਤੀ ਦੇ ਵਾਯੂਮੰਡਲ ਵਿੱਚ ਮੁੜ ਦਾਖਲ ਕਰਵਾ ਕੇ ਹਿੰਦ ਮਹਾਸਾਗਰ ਲੈਂਡਿਗ ਕਰਵਾਈ ਗਈ ਵਿੱਚ। ਸਟਾਰਸ਼ਿਪ ਨੂੰ ਅੱਜ ਭਾਵ 13 ਅਕਤੂਬਰ ਸ਼ਾਮ 05:55 ਵਜੇ ਬੋਕਾ ਚਿਕਾ, ਟੈਕਸਾਸ ਤੋਂ ਲਾਂਚ ਕੀਤਾ ਗਿਆ ਸੀ। ਸਟਾਰਸ਼ਿਪ ਪੁਲਾੜ ਯਾਨ ਅਤੇ ਸੁਪਰ ਹੈਵੀ ਰਾਕੇਟ ਨੂੰ ਸਮੂਹਿਕ ਤੌਰ 'ਤੇ 'ਸਟਾਰਸ਼ਿਪ' ਕਿਹਾ ਜਾਂਦਾ ਹੈ। ਸਟਾਰਸ਼ਿਪ ਵਿੱਚ 6 ਰੈਪਟਰ ਇੰਜਣ ਹਨ, ਜਦੋਂ ਕਿ ਸੁਪਰ ਹੈਵੀ ਵਿੱਚ 33 ਰੈਪਟਰ ਇੰਜਣ ਹਨ। ਦੁਨੀਆ ਦੇ ਦੂਜੇ ਸਭ ਤੋਂ ਅਮੀਰ ਕਾਰੋਬਾਰੀ ਅਲਾਨ ਮਸਕ ਦੀ ਕੰਪਨੀ ਸਪੇਸਐਕਸ ਨੇ ਇਸ ਰਾਕੇਟ ਨੂੰ ਬਣਾਇਆ ਹੈ। ਸਟਾਰਸ਼ਿਪ ਪੁਲਾੜ ਯਾਨ ਅਤੇ ਸੁਪਰ ਹੈਵੀ ਬੂਸਟਰਾਂ ਨੂੰ ਸਮੂਹਿਕ ਤੌਰ 'ਤੇ 'ਸਟਾਰਸ਼ਿਪ' ਕਿਹਾ ਜਾਂਦਾ ਹੈ। ਇਸ ਦੀ ਉਚਾਈ 397 ਫੁੱਟ ਹੈ। ਇਹ ਪੂਰੀ ਤਰ੍ਹਾਂ ਨਾਲ ਮੁੜ ਵਰਤੋਂ ਯੋਗ ਹੈ ਅਤੇ 150 ਮੀਟ੍ਰਿਕ ਟਨ ਭਾਰ ਚੁੱਕਣ ਦੇ ਸਮਰੱਥ ਹੈ। ਸਟਾਰਸ਼ਿਪ ਸਿਸਟਮ ਮੰਗਲ ਗ੍ਰਹਿ 'ਤੇ ਇੱਕੋ ਸਮੇਂ 100 ਲੋਕਾਂ ਨੂੰ ਲਿਜਾ ਸਕੇਗਾ।

# Justin Trudeau ਦੀ ਵਧੀ ਮੁਸ਼ਕਲ, ਪਾਰਟੀ ਅੰਦਰ ਉੱਠੀ ਇਹ ਮੰਗ

ਓਟਾਵਾ: (ਵਿਸ਼ਵ ਪੰਜਾਬੀ ਸਾਂਝ ,ਕੈਨੇਡਾ)- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੀ ਹੀ ਪਾਰਟੀ ਵਿੱਚ ਘਿਰਦੇ ਜਾ ਰਹੇ ਹਨ, ਜਿਸ ਕਾਰਨ ਇਹ ਖਦਸ਼ਾ ਵਧ ਗਿਆ ਹੈ ਕਿ ਉਹ ਕਿਸੇ ਵੀ ਸਮੇਂ ਸੱਤਾ ਤੋਂ ਬਾਹਰ ਹੋ ਸਕਦੇ ਹਨ। ਲਿਬਰਲ ਪਾਰਟੀ ਦੇ ਸੰਸਦ ਮੈਂਬਰਾਂ ਦਾ ਇੱਕ ਸਮੂਹ ਉਸ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰਨ ਲਈ ਲਾਮਬੰਦ ਹੋ ਰਿਹਾ ਹੈ। ਹਾਲ ਹੀ ਵਿਚ ਟੋਰਾਂਟੋ-ਸੇਂਟ ਪਾਲ ਅਤੇ ਮਾਂਟਰੀਅਲ 'ਚ ਹਾਲ ਹੀ 'ਚ ਉਪ ਚੋਣਾਂ ਹੋਈਆਂ, ਜਿਸ 'ਚ ਟਰੂਡੋ ਦੀ ਪਾਰਟੀ ਹਾਰ ਗਈ। ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ) ਮੁਤਾਬਕ ਇਸ ਹਾਰ ਤੋਂ ਬਾਅਦ ਲਿਬਰਲ ਪਾਰਟੀ ਅੰਦਰ ਟਰੂਡੋ ਦੀ ਲੀਡਰਸ਼ਿਪ ਪ੍ਰਤੀ ਅਸੰਤੁਸ਼ਟੀ ਵਧ ਗਈ ਹੈ। ਅਸੰਤੁਸ਼ਟ ਸੰਸਦ ਮੈਂਬਰਾਂ ਵਿੱਚ ਲੀਡਰਸ਼ਿਪ ਬਦਲਣ ਦੀ ਚਰਚਾ ਸ਼ੁਰੂ ਹੋ ਗਈ ਹੈ।



ਟਰੂਡੋ ਨੂੰ ਹਟਾਉਣ ਦੀਆਂ ਕੋਸ਼ਿਸ਼ਾਂ ਵਿੱਚ ਸ਼ਾਮਲ ਸੰਸਦ ਮੈਂਬਰਾਂ ਅਤੇ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਵਿੱਚ ਕਿਹਾ ਗਿਆ ਕਿ ਪਾਰਟੀ ਮੈਂਬਰਾਂ ਵਿੱਚ ਅਸੰਤੁਸ਼ਟੀ ਗੁਪਤ ਮੀਟਿੰਗਾਂ ਦੀ ਲੜੀ ਤੋਂ ਪੈਦਾ ਹੋਈ ਹੈ। ਮੀਟਿੰਗ ਵਿੱਚ ਸੰਸਦ ਮੈਂਬਰਾਂ ਨੂੰ ਲੀਡਰਸ਼ਿਪ ਵਿੱਚ ਤਬਦੀਲੀ ਲਈ ਵਚਨਬੱਧਤਾ ਲਈ ਇੱਕ ਦਸਤਾਵੇਜ਼ 'ਤੇ ਦਸਤਖ਼ਤ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਜਸਟਿਨ ਟਰੂਡੋ ਨੂੰ ਹਟਾਉਣ ਲਈ ਸਮਰਥਨ ਇਕੱਠਾ ਕਰਨਾ ਹੈ, ਹੁਣ ਤੱਕ ਘੱਟੋ-ਘੱਟ 20 ਸੰਸਦ ਮੈਂਬਰਾਂ ਨੇ ਦਸਤਾਵੇਜ਼ 'ਤੇ ਦਸਤਖ਼ਤ ਕੀਤੇ ਹਨ। ਅਜਿਹੀਆਂ ਚਰਚਾਵਾਂ ਉਦੋਂ ਵੱਧ ਗਈਆਂ ਹਨ ਜਦੋਂ ਇਕ ਅੰਤਰਰਾਸ਼ਟਰੀ ਸਿਖਰ ਸੰਮੇਲਨ ਵਿਚ ਸ਼ਾਮਲ ਹੋਣ ਲਈ ਟਰੂਡੋ ਕੈਨੇਡਾ ਛੱਡ ਲਾਓਸ ਪਹੁੰਚੇ ਹਨ।

## ਫਿਲਮ 'ਪੰਜਾਬ 95' ਸਬੰਧੀ ਘੋਖ ਕਰੇ ਸਿੱਖ ਮਾਹਿਰਾਂ ਦਾ ਪੈਨਲ: ਜੱਥੇਦਾਰ



ਅੰਮ੍ਰਿਤਸਰ, (ਵਿਸ਼ਵ ਪੰਜਾਬੀ ਸਾਂਝ ,ਕੈਨੇਡਾ)-ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੁਕਮ ਕੀਤਾ ਹੈ ਕਿ ਉਹ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਫਿਲਮ 'ਪੰਜਾਬ 95' ਦੀ ਵੱਖ-ਵੱਖ ਪੱਖਾਂ ਤੋਂ ਘੋਖ ਕਰਨ ਲਈ ਤੁਰੰਤ ਸਿੱਖ ਵਿਦਵਾਨਾਂ ਦਾ ਉੱਚ ਪੱਧਰੀ ਪੈਨਲ ਗਠਿਤ ਕਰਨ। ਇਸ ਤੋਂ ਪਹਿਲਾਂ ਅੱਜ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਖੀ ਗੁਰਚਰਨ ਸਿੰਘ ਗਰੇਵਾਲ ਦੀ ਅਗਵਾਈ ਵਿੱਚ ਫੈਡਰੇਸ਼ਨ ਆਗੂਆਂ ਦੇ ਵਫਦ ਨੇ ਇਸ ਫਿਲਮ ਸਬੰਧੀ ਜੱਥੇਦਾਰ ਨਾਲ ਮੁਲਾਕਾਤ ਕੀਤੀ। ਜੱਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਵਿਖੇ ਦਿੱਤੇ ਗਏ ਪੱਤਰਾਂ ਵਿੱਚ ਸ਼ੰਕਾ ਜਤਾਈ ਗਈ ਹੈ ਕਿ 1984 ਤੋਂ 1995 ਵਿੱਚ ਸਰਕਾਰੀ ਜਬਰ ਅਤੇ ਝੂਠੇ ਪੁਲੀਸ ਮੁਕਾਬਲਿਆਂ ਸਬੰਧੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਲਾਵਾਰਿਸ ਲਾਸ਼ਾਂ ਦਾ ਸੱਚ ਦੁਨੀਆ ਦੇ ਸਾਹਮਣੇ ਲਿਆਉਣ ਦਾ ਯਤਨ ਕੀਤਾ ਸੀ, ਜਿਸ ਨੂੰ ਫਿਲਮ ਰਾਹੀਂ ਦਰਸਾਇਆ ਜਾਣਾ ਹੈ ਪਰ ਭਾਰਤੀ ਫਿਲਮ ਸੈਂਸਰ ਬੋਰਡ ਨੇ ਇਸ ਫਿਲਮ 'ਤੇ ਲਗਪਗ ਸੌ ਤੋਂ ਕੱਟ ਲਗਾ ਦਿੱਤੇ।

# ਪਾਰਸਲ ਪਹੁੰਚਾਉਣ ਦੇ ਨਾਮ ਤੇ ਠੱਗਣ ਵਾਲਾ ਗਿਰੋਹ ਕਾਬੂ



ਹਰਿਆਣਾ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-
ਪੁਲਿਸ ਨੇ ਵਿਦੇਸ਼ੀ ਪਾਰਸਲ ਦਾ ਝਾਂਸਾ ਦੇ ਕੇ ਲੋਕਾਂ ਨੂੰ ਠੱਗਣ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕਰਦਿਆਂ ਦੋ ਠੱਗਾਂ ਨੂੰ ਕਾਬੂ ਕੀਤਾ ਹੈ। ਥਾਣਾ ਇੰਚਾਰਜ ਦਾ ਕਹਿਣਾ ਹੈ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ, ਜਲਦੀ ਹੀ ਇਸ ਗਿਰੋਹ ਨਾਲ ਜੁੜੇ ਹੋਰ ਮੈਂਬਰਾਂ ਨੂੰ ਵੀ ਕਾਬੂ ਕਰ ਲਿਆ ਜਾਵੇਗਾ, ਤਾਂ ਜੋ ਲੋਕਾਂ ਨਾਲ ਠੱਗੀ ਮਾਰਨ ਦੀਆਂ ਵਾਰਦਾਤਾਂ ਨੂੰ ਰੋਕਿਆ ਜਾ ਸਕੇ।

ਥਾਣਾ ਇੰਚਾਰਜ ਨਵੀਨ ਕੁਮਾਰ ਨੇ ਦੱਸਿਆ ਕਿ ਪਿੰਡ ਬਂਚਾਰੀ ਦੇ ਰਹਿਣ ਵਾਲੇ ਨਰਿੰਦਰ ਕੁਮਾਰ ਨੇ ਆਨਲਾਈਨ ਐਨਸੀਆਰਪੀ ਪੋਰਟਲ 'ਤੇ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ 9 ਸਤੰਬਰ ਨੂੰ ਉਸ ਨੂੰ ਇੱਕ ਫੋਨ ਆਇਆ ਜਿਸ ਵਿੱਚ ਉਸ ਨੇ ਕਿਹਾ ਕਿ ਉਸ ਲਈ ਵਿਦੇਸ਼ੀ ਪਾਰਸਲ ਆਇਆ ਹੈ। ਤੁਹਾਨੂੰ ਪਹਿਲਾਂ ਪਾਰਸਲ ਦਾ ਡਿਲੀਵਰੀ ਚਾਰਜ ਦੇਣਾ ਹੋਵੇਗਾ ਜੋ ਕਿ 35 ਹਜ਼ਾਰ ਰੁਪਏ ਹੈ, ਉਸ ਤੋਂ ਬਾਅਦ ਸਾਡਾ ਕੋਰੀਅਰ ਬੁਆਏ ਇਹ ਪਾਰਸਲ ਤੁਹਾਨੂੰ ਡਿਲੀਵਰੀ ਕਰ ਦੇਵੇਗਾ। ਠੱਗਾਂ ਨੇ ਪਾਰਸਲ ਦੇ ਨਾਂ 'ਤੇ ਤਿੰਨ ਵਾਰ ਵਸੂਲੀ ਕੀਤੀ। 12 ਸਤੰਬਰ ਨੂੰ ਦੁਬਾਰਾ ਮੈਨੂੰ ਉਨ੍ਹਾਂ ਦਾ ਫੋਨ ਆਇਆ ਕਿ ਤੁਹਾਡੇ ਪੈਕੇਟ 'ਚ ਸੋਨਾ ਹੈ ਅਤੇ ਉਸ 'ਤੇ ਕਨਵਰਟ ਚਾਰਜ ਲਗਾਇਆ ਜਾ ਰਿਹਾ ਹੈ, ਜੋ ਕਿ 1 ਲੱਖ 80 ਹਜ਼ਾਰ ਰੁਪਏ ਹੈ, ਜੇਕਰ ਤੁਸੀਂ ਇਹ ਰਕਮ ਪਾ ਦਿਓਗੇ ਤਾਂ ਤੁਹਾਡਾ ਪਾਰਸਲ ਇੱਥੋਂ ਚਲਾ ਜਾਵੇਗਾ। ਜਿਸ ਤੋਂ ਬਾਅਦ ਉਸ ਨੂੰ ਆਪਣੇ ਨਾਲ ਠੱਗੀ ਹੋਣ ਦਾ ਅਹਿਸਾਸ ਹੋਇਆ ਅਤੇ ਉਸ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਬਦਰਪੁਰ ਦਿੱਲੀ ਦੇ ਰਹਿਣ ਵਾਲੇ ਸ਼ਾਹਰੁਖ ਅਤੇ ਅਰਬਾਜ਼ ਖਾਨ ਨੂੰ ਗ੍ਰਿਫਤਾਰ ਕਰ ਲਿਆ ਹੈ। ਰਿਮਾਂਡ ਦੌਰਾਨ ਪੁਲਿਸ ਨੇ ਮੁਲਜ਼ਮਾਂ ਕੋਲੋਂ ਜ਼ੁਰਮ ਵਿੱਚ ਵਰਤੇ ਗਏ ਦੋ ਮੋਬਾਇਲ ਫੋਨ, ਦੋ ਚੈੱਕ ਬੁੱਕ, ਵੱਖ-ਵੱਖ ਬੈਂਕਾਂ ਦੀਆਂ ਚਾਰ ਪਾਸਬੁੱਕਾਂ ਜੋ ਸ਼ਾਹਰੁਖ ਦੇ ਨਾਂ 'ਤੇ ਸਨ ਬਰਾਮਦ ਕੀਤੀਆਂ ਹਨ। ਦੋਵਾਂ ਨੂੰ ਪੁੱਛਗਿੱਛ ਕਰਨ ਤੋਂ ਬਾਅਦ ਅਦਾਲਤ 'ਚ ਪੇਸ਼ ਕਰ ਕੇ ਨਿਆਂਇਕ ਹਿਰਾਸਤ 'ਚ ਜੇਲ ਭੇਜ ਦਿੱਤਾ।






## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

**ਲਿਖਤਾਂ ਭੇਜਣ ਲਈ ਈਮੇਲ ਪਤਾ**
**vishavPunjabisanjh@gmail.com**

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ




# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਨਟਾਰੀਓ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# GRAND OPENING

## BRAMPTON CASH AND CARRY

18 | 19 | 20
OCTOBER, 2024

OPEN EVERYDAY FROM
9:00 AM TO 9:00 PM

CONTACT
+1 (204) 560-7111
ADDRESS:-
1315 INKSTER BLVD, WINNIPEG MB

BRAMPTON CASH & CARRY
IMPORTER | WHOLESALER | RETAILER

Weight
20 Pond




Price
$12.99

BRAMPTON CASH & CARRY


AASHIRVAAD
AASHIRVAAD ATTA

I am Sorry !!!!!

BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800


AAPKI PASAND AAPKA SWAAD
DURUM CHAKKI
ATTA
आटा
ਆਟਾ
Aapki
PASAND
AAPKA SWAAD
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA


MS INSURANCE
Secure your trust & life
RAJAT GUPTA
INSURANCE ADVISOR
416-427-8585
www.ms-insurance.ca
rajatgupta2299@gmail.com
Unit 27-90 Eastern Ave, Brampton, ON, L6W 1X9


INSURANCE BENEFITS
visa
SUPER VISA
VISITOR VISA
RESP, TFSA
MORTGAGE INSURANCE
TEHAL SINGH BRAR
LIVING BENEFITS ADVISOR
+(905)-782-2013
www.royalshieldgroup.com
tehalbrarcanada@gmail.com


AAPKI PASAND ATTA
$9.99
Weight 20LB
LAYALPUR ATTA BISCUIT
$11.99
BEST FOOD RUSK
2 FOR $5
SHER ATTA
$13.49
Weight 20LB
DAHI MODHANI
$2.49
Weight 750gm
DAHI MODHANI
$9.99
Weight 2kg
RAJDHANI MUSTARD OIL
$19.99
Weight 5L
RAJDHANI MUSTARD OIL
$8.49
Weight 2L
BROWN SUGAR
$9.99
Weight 11LB
WHITE ONION
$17.99
Weight 50LB
RED ONION
$18.99
Weight 25LB
RED ONION
$7.99
Weight 10LB
TOMATO
$0.99
Weight 1LB
GREEN PEPPERS
$0.99
Weight 1LB
INDIA GATE HARROZ RICE
$7.99
Weight 8LB
RED LABEL TEA
$9.99
Weight 900gm
CAPRI VEGETABLE OIL
$32.99
Weight 16L
PLASTIC GLASS (7 oz)
$2.99
50pcs
6 COMPARTMENT THALI CAN GREEN
$7.99
40pcs
SPOON/FORK
$13.99
1000pcs
MAGGI MASALA NOODLES
3 for $1
QUALITY BASMATI RICE
$32
Weight 40LB
ULTRA PUEMIUM TOILET ROLL
$6.99
12 ROLLS
APKI PASAND GOLGAPA
PRICE $3.99
TABLEWARE CUTLERY KIT
PRICE $7.99
WALNUTS HALVES
$3.99
Weight 1LB
AAPKI PASAND COOKIES
$3.99
Weight 2.2LB
COULI FLOWER
$1.99
BRAR BESAN
$3.99
Weight 4LB
KHUSHBOO RICE
$9.99
Weight 10LB
ORGANIC PEARL RICE
$9.98
Weight 10LB
MODHANI PANEER
$4.99
Weight 354gm
OPEN EVERYDAY FROM
9:00 AM TO 9:00 PM
BRAMPTON
CASH & CARRY
IMPORTER | WHOLESALER | RETAILER
CONTACT:-
+1 (204) 560-7111
ADDRESS:- 1315 INKSTER BLVD, WINNIPEG MB